**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਨੈ ਸੋਫਤ,
136/1, ਬ0ਲਾਕ 12 ਸ਼ਾਹਪੁਰ ਰੋਡ,
ਲੁਧਿਆਣਾ 141008 ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਦਫਤਰ,
ਡੀ.ਪੀ.ਆਈ. (ਕਾਲਿਜ਼) ,
ਪੰਜਾਬ ਫੇਜ਼ 8 ਮੋਹਾਲੀ। --------ਉਂਤਰਦਾਤਾ

**ਸ਼ਿਕਾਇਤ ਕੇਸ ਨੰ: 963 ਆਫ 2019**

**ਹਾਜ਼ਰ**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਮ ਗੋਪਾਲ, ਕਲਰਕ (9988220518)

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 29-08-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਪੀ.ਆਈ. (ਕਾਲਿਜ਼) , ਪੰਜਾਬ ਫੇਜ਼ 8 ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੀ.ਪੀ.ਆਈ. ਕਾਲਜ ਤੋਂ ਰੂਲਾਂ ਦੀ ਕਾਪੀਆਂ ਦੀ ਮੰਗ ਕੀਤੀ ਗਈ ਜਿਸ ਤਹਿਤ 95 ਪ੍ਰਤੀਸ਼ਤ ਗਰਾਂਟ ਲੈਂਦੇ ਕਾਲਿਜ਼ਾਂ ਦੇ ਪ੍ਰਿੰਸੀਪਲ ਜੇਕਰ ਛੁੱਟੀ ਤੇ ਜਾਂਦਾ ਹੈ ਤਾਂ ਉਸਦੀ ਥਾਂ ਤੇ ਆਫਿਸ਼ਿਏਟ ਪ੍ਰਿੰਸੀਪਲ ਦਾ ਕੰਮ ਕਿਸ ਨੂੰ ਦਿੱਤਾ ਜਾ ਸਕਦਾ ਹੈ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 22-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 22-01-2020 ਨੂੰ ਸ਼ਿਕਾਇਤਕਰਤਾ ਵਲੋਂ ਸ਼੍ਰੀ ਘਨਸ਼ਾਮ ਦੇਵ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਅਜੇ ਤੱਕ ਪ੍ਰਾਪਤ ਨਹੀ ਹੋਈ। ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਸਬੰਧੀ ਕੋਈ ਸੂਚਨਾ ਪ੍ਰਾਪਤ ਹੋਈ ਹੈ। ਇਸ ਲਈ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਸਬੰਧੀ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਮ ਗੋਪਾਲ, ਕਲਰਕ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 20/4-2020 ਗਰਾਂਟ 1(4)/994 ਮਿਤੀ 26-2-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਗਈ ਹੈ। ਪੱਤਰ ਪਹਿਲਾਂ ਹੀ ਮਿਤੀ 27-2-2020 ਨੂੰ ਡਾਕ ਰਾਹੀਂ ਪ੍ਰਾਪਤ ਹੋ ਚੁੱਕਾ ਹੈ ਜ਼ੋ ਮਿਸਲ ਤੇ ਉਪਲਬਧ ਹੈ।

5. ਉੱਤਰਦਾਤਾ ਵਲੋਂ ਉਕਤ ਪੱਤਰ ਮਿਤੀ 26-2-2020 ਰਾਹੀਂ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਭੇਜ਼ ਦਿੱਤੀ ਗਈ ਹੈ। ਸੂਚਨਾ ਲੇਟ ਭੇਜਣ ਸਬੰਧੀ ਦਸਿਆ ਗਿਆ ਕਿ ਸਬੰਧਤ ਕਰਮਚਾਰੀ ਸਪਸਪੈਂਡ ਹੋ ਚੁੱਕਾ ਹੈ ਜਿਸ ਕਾਰਨ ਸੂਚਨਾ ਦੇਣ ਵਿਚ ਦੇਰੀ ਹੋਈ। ਇਸ ਲਈ ਉੱਤਰਦਾਤਾ ਵਲੋਂ ਲੇਟ ਸੂਚਨਾ ਦਿੱਤੀ ਗਈ ਹੈ ਜਿਸਦਾ ਸਖਤ ਨੋਟਿਸ ਲੈਂਦੇ ਹੋਏ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗੇ ਤੋਂ ਸੁਚੇਤ ਹੋ ਕੇ ਆਰ.ਟੀ.ਆਈ.ਐਕਟ 2005 ਦੀ ਪਾਲਣਾ ਕਰਦੇ ਹੋਏ ਸੂਚਨਾ ਮਿਥੇ ਸਮੇਂ ਦੇ ਅੰਦਰ ਅੰਦਰ ਦਿੱਤੀ ਜਾਵੇ। ਉੱਤਰਦਾਤਾ ਵਲੋਂ ਸਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। **ਇਹ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਲਛਮੱਨ ਸਿੰਘ, 79869-91327
ਮਕਾਨ ਨੰ: 352, ਗਲੀ ਨੰਬਰ 1, ਵਾਰਡ ਨੰਬਰ 3,
ਕੇਹਰ ਸਿੰਘ ਕਲੋਨੀ, ਖੰਨਾ, ਜ਼ਿਲ੍ਹਾ ਲੁਧਿਆਣਾ। ------- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਟੇਟ ਟਰਾਂਸਪੋਰਟ ਅਥਾਰਟੀ, ਪੰਜਾਬ, ਚੰਡੀਗੜ੍ਹ। --------- ਉੱਤਰਦਾਤਾ

**ਅਪੀਲ ਕੇਸ ਨ: 3702/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 29-12-2018, ਲੋਕ ਸੂਚਨਾ ਅਧਿਕਾਰੀ ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਰ.ਟੀ.ਏ. ਅੰਮ੍ਰਿਤਸਰ ਵਿਖੇ ਵੱਡੀਆਂ ਬੱਸਾਂ ਦੇ ਪਰਮਿਟਧਾਰੀਆ/ਮਾਲਕਾਂ ਨਾਲ ਸਬੰਧਤ 05 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 22-01-2020 ਨੂੰ ਅੱਜ ਵੀ ਪੇਸ਼ੀ ਤੇ ਅਪੀਲਕਰਤਾ ਵਲੋਂ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ। ਇਸ ਲਈ ਇਹ ਕੇਸ ਵਿਚ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਵੀ ਪੇਸ਼ੀ ਤੇ ਅਪੀਲਕਰਤਾ ਵਲੋਂ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ। ਅਪੀਲਕਰਤਾ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਨਿਸਚਿਤ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਲਈ ਇਹ ਕੇਸ ਵਿਚ **ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 4 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਰਮਜੀਤ ਸਿੰਘ 79866-91327
ਮਕਾਨ ਨੰਬਰ 352, ਗੱਲੀ ਨੰਬਰ 1, ਵਾਰਡ ਨੰਬਰ 3,
ਕੇਹਰ ਸਿੰਘ ਕਲੋਨੀ, ਖੰਨਾ, ਜ਼ਿਲ੍ਹਾ, ਲੁਧਿਆਣਾ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ, ਸਟੇਟ ਟਰਾਂਸਪੋਰਟ ਅਥਾਰਟੀ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲ ਕੇਸ ਨੰ: 3703/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਚਰਨ ਸਿੰਘ ਸੰਧੂ (9814069272)

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 14-12-2018, ਲੋਕ ਸੂਚਨਾ ਅਧਿਕਾਰੀ ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਰ.ਟੀ.ਏ. ਸੰਗਰੂਰ ਵਿਖੇ ਵੱਡੀਆਂ ਬੱਸਾਂ ਦੇ ਪਰਮਿਟਧਾਰੀਆ/ਮਾਲਕਾਂ ਨਾਲ ਸਬੰਧਤ 5 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸੀ ਦੀ ਮਿਤੀ 22-1-2020 ਨੂੰ ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ

4. ਉੱਤਰਦਾਤਾ ((ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਚਰਨ ਸਿੰਘ ਸੰਧੂ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਵੀ ਮਿਤੀ 19-12-2020 ਨੂੰ ਪੱਤਰ ਨੰ: 12580-81 ਮਿਤੀ 16-12-2020 ਪੇਸ਼ ਕੀਤਾ ਗਿਆ ਸੀ ਜ਼ੋ ਅਪੀਲਕਰਤਾ ਨੂੰ ਸੰਬੋਧਤ ਸੀ ਅਤੇ ਉਤਾਰਾ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਪਟਿਆਲਾ ਨੂੰ ਕੀਤਾ ਗਿਆ ਸੀ ਕਿ ਇਸ ਦਾ ਸਬੰਧ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਪਟਿਆਲਾ ਨਾਲ ਹੈ।ਪੱਤਰ ਮਿਸਲ ਤੇ ਉਪਲਬਧ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਸ੍ਰੀ ਗੁਰਚਰਨ ਸਿੰਘ ਸੰਧੂ ਵਲੋਂ ਦਸੀ ਸਥਿਤੀ ਦੇ ਸਨਮੁੱਖ ਇਸ ਕੇਸ ਵਿਚ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਪਟਿਆਲਾ ਵਲੋਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਜਾਣੀ ਹੈ, ਇਸ ਲਈ ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ ਨੂੰ ਪੇਸ਼ੀ ਤੇ ਹਾਜ਼ਰੀ ਤੋਂ ਛੋਟ ਦਿੱਤੀ ਜਾਂਦੀ ਹੈ।ਇਸ ਦੇ ਨਾਲ ਹੀ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਬਣਦੀ ਸੂਚਨਾ ਭੇਜਦੇ ਹੋਏ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ,** 4 ਮਾਰਚ, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜੈ ਪਾਲ ਪੁੱਤਰ ਸ੍ਰੀ ਬਨਾਰਸੀ ਦਾਸ ਮੋ: 98723-48142
ਮਕਾਨ :ਨੰ: 476, ਗਲੀ ਨੰਬਰ 1,
ਬਚਨ ਸਿੰਘ ਨਗਰ, ਪਿੰਡ ਬੱਲੋਕੀ ਨੇੜੇ ਬੈਂਕ ਕਲੋਨੀ,
ਹੈਬੋਵਾਲ ਕਲਾਂ, ਲੁਧਿਆਣਾ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ, ਕਮਿਸ਼ਨਰ ਨਗਰ ਨਿਗਮ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਕਮਿਸ਼ਨਰ, ਨਗਰ ਨਿਗਮ, ਲੁਧਿਆਣਾ ----------ਉੱਤਰਦਾਤਾ

**ਅਪੀਲਕੇਸ ਨੰ: 3716/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਜੈ ਪਾਲ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-04-2019, ਲੋਕ ਸੂਚਨਾ ਅਧਿਕਾਰੀ ਦਫਤਰ, ਕਮਿਸ਼ਨਰ ਨਗਰ ਨਿਗਮ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਹਾਊਸ ਮਤੇ ਪੱਤਰਾਂ, ਸਰਕਾਰ ਦੇ ਪੱਤਰਾਂ, ਬਜਟ ਪੱਤਰ, ਸੂਚੀਆਂ, ਮਾਸਟਰੋਲ ਹਾਜ਼ਰੀਆਂ 49 ਅਤੇ 376 ਸਫਾਈ ਕਰਮਚਾਰੀਆਂ ਆਦਿ ਨਾਲ ਸਬੰਧਤ 10 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-11-2019 ਨੂੰ ਕਾਰਵਾਈ ਉਪਰੰਤ ਅਗਲੀ ਸੁਣਵਾਈ ਲਈ ਮਿਤੀ 19-12-2019 ਨੂੰ ਸਵੇਰੇ 11.30 ਵਜੇ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 22-01-2020 ਨੂੰ ਪੇਸ਼ੀ ਤੇ ਅਪੀਲਕਰਤਾ ਵਲੋਂ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ। ਇਸ ਲਈ ਇਹ ਕੇਸ ਵਿਚ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਜੈ ਪਾਲ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਉੱਤਰਦਾਤਾ ਵਲੋਂ ਇਸ ਕੇਸ ਵਿਚ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿਤੀ ਗਈ ਹੈ, ਜਿਸ ਸਬੰਧ ਵਿਚ ਉਨ੍ਹਾਂ ਨੂੰ ਲਿਖ ਕੇ ਦੇ ਦਿੱਤਾ ਗਿਆ ਹੈ ਕਿ ਉਹ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਹੈ।

4. ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਈ.ਮੇਲ. ਮਿਤੀ 4-3-2020 ਰਾਹੀਂ ਅਪੀਲਕਰਤਾ ਵਲੋਂ ਸੂਚਨਾ ਪ੍ਰਾਪਤੀ ਸਬੰਧੀ ਰਸੀਦ ਦੀ ਕਾਪੀ ਭੇਜਦੇ ਹੋਏ ਸੂਚਿਤ ਕੀਤਾ ਗਿਆ ਹੈ ਕਿ ਅਪੀਲਕਰਤਾ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਈ.ਮੇਲ. ਮਿਤੀ 4-3-2020 ਰਾਹੀਂ ਅਪੀਲਕਰਤਾ ਵਲੋਂ ਸੂਚਨਾ ਪ੍ਰਾਪਤੀ ਸਬੰਧੀ ਰਸੀਦ ਦੀ ਕਾਪੀ ਭੇਜਦੇ ਹੋਏ ਸੂਚਿਤ ਕੀਤਾ ਗਿਆ ਹੈ ਕਿ ਅਪੀਲਕਰਤਾ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ, ਜਿਸ ਦੀ ਪੁਸਟੀ ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਕਰਦੇ ਹੋਏ ਦਸਿਆ ਗਿਆ ਕਿ ਉਹ ਇਸ ਕੇਸ ਵਿਚ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਸ ਕੇਸ ਹੋਰ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 4 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜੈ ਪਾਲ ਪੁੱਤਰ ਸ੍ਰੀ ਬਨਾਰਸੀ ਦਾਸ ਮੋ: 98723-48142
ਮਕਾਨ :ਨੰ: 476, ਗਲੀ ਨੰਬਰ 1, ਬਚਨ ਸਿੰਘ ਨਗਰ,
ਪਿੰਡ ਬੱਲੋਕੀ ਨੇੜੇ ਬੈਂਕ ਕਲੋਨੀ, ਹੈਬੋਵਾਲ ਕਲਾਂ, ਲੁਧਿਆਣਾ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ, ਕਮਿਸ਼ਨਰ ਨਗਰ ਨਿਗਮ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਕਮਿਸ਼ਨਰ, ਨਗਰ ਨਿਗਮ, ਲੁਧਿਆਣਾ ----------ਉੱਤਰਦਾਤਾ

**ਅਪੀਲ ਕੇਸ ਨੰ: 3717/2019**

**ਹਾਜ਼ਰ:–**

1) ਅਪੀਲਕਰਤਾ ਵਲੋਂ ਕੋਈ ਨਹੀਂ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-10-2018, ਲੋਕ ਸੂਚਨਾ ਅਧਿਕਾਰੀ ਦਫਤਰ, ਕਮਿਸ਼ਨਰ ਨਗਰ ਨਿਗਮ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਿਪਟੀ ਕੰਟਰੋਲਰ (ਲੋਕਲ ਆਡਿਟ) ਵਿਭਾਗ ਵਲੋਂ ਸਫਾਈ ਸੇਵਕਾਂ ਦੇ ਨਾਮ, ਫੰਡ, ਤਨਖਾਹ ਏ ਤੋਂ ਜ਼ੈਡ ਕੰਪਨੀ ਲਾਈਨ ਕੰਪਨੀ, ਹਾਊਸ ਮਤਾ ਪੱਤਰ, ਪੰਜਾਬ ਸਰਕਾਰ ਦੇ ਪੱਤਰ, ਸਵਿਪਿੰਗ ਮਸ਼ੀਨਾ ਦੀ ਜਾਣਕਾਰੀ ਆਦਿ ਨਾਲ ਸਬੰਧਤ 08 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-12-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਕਾਰਵਾਈ ਉਪਰੰਤ ਅਗਲੀ ਸੁਣਵਾਈ ਲਈ ਮਿਤੀ 19-12-2019 ਨੂੰ ਸਵੇਰੇ 11.30 ਵਜੇ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 22-01-2020 ਨੂੰ ਪੇਸ਼ੀ ਤੇ ਅਪੀਲਕਰਤਾ ਵਲੋਂ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ। ਇਸ ਲਈ ਇਹ ਕੇਸ ਵਿਚ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਜੈ ਪਾਲ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਉੱਤਰਦਾਤਾ ਵਲੋਂ ਦਸਿਆ ਗਿਆ ਕਿ ਇਕ ਹੋਰ ਕੇਸ ਵਿਚ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿਤੀ ਗਈ ਹੈ, ਅਤੇ ਉਹ ਉਸ ਕੇਸ ਵਿਚ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਹੈ।ਪਰ ਇਸ ਕੇਸ ਵਿਚ ਉੱਤਰਦਾਤਾ ਵਲੋਂ ਇਸ ਅਪੀਲ ਕੇਸ ਵਿਚ ਦਿੱਤੀ ਗਈ ਜਾਣਕਾਰੀ ਤੋਂ ਉਹ ਸੰਤੁਸ਼ਟ ਨਹੀਂ ਹੈ।

4. ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਈ.ਮੇਲ. ਮਿਤੀ 4-3-2020 ਰਾਹੀਂ ਅਪੀਲਕਰਤਾ ਵਲੋਂ ਸੂਚਨਾ ਪ੍ਰਾਪਤੀ ਸਬੰਧੀ ਰਸੀਦ ਦੀ ਕਾਪੀ ਭੇਜਦੇ ਹੋਏ ਸੂਚਿਤ ਕੀਤਾ ਗਿਆ ਹੈ ਕਿ ਅਪੀਲਕਰਤਾ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਈ.ਮੇਲ. ਮਿਤੀ 4-3-2020 ਰਾਹੀਂ ਅਪੀਲਕਰਤਾ ਵਲੋਂ ਸੂਚਨਾ ਪ੍ਰਾਪਤੀ ਸਬੰਧੀ ਰਸੀਦ ਦੀ ਕਾਪੀ ਭੇਜਦੇ ਹੋਏ ਸੂਚਿਤ ਕੀਤਾ ਗਿਆ ਹੈ ਕਿ ਅਪੀਲਕਰਤਾ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ, ਪਰ ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਕਮਿਸ਼ਨ ਨੂੰ ਦਸਿਆ ਗਿਆ ਕਿ ਉਸਨੂੰ ਇਸ ਕੇਸ ਵਿਚ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਇਸ ਕੇਸ ਵਿਚ ਉੱਤਰਦਾਤਾ ਦੀ ਹਾਜ਼ਰੀ ਤੋਂ ਹੀ ਪਤਾ ਲੱਗ ਸਕਦਾ ਹੈ ਕਿ ਦਿੱਤੀ ਗਈ ਸੂਚਨਾ ਸਹੀ ਹੈ ਜਾਂ ਨਹੀਂ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਨਿਸਚਿਤ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 4 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਵਿਕਰਮ ਵੈਦ, 9855032897
1527, ਗਲੀ ਨੰ: 023 ਬਾਗ ਰਾਮਾਨੰਦ, ਅੰਮ੍ਰਿਤਸਰ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ, ਡੀ.ਜੀ.ਪੀ., ਪੰਜਾਬ ਪੁਲਿਸ ਹੈਡ ਕੁਆਰਟਰ,
ਸੈਕਟਰ 9, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ, ਦਫਤਰ, ਪੰਜਾਬ ਪੁਲਿਸ ਹੈਡ ਕੁਆਰਟਰ,
ਸੈਕਟਰ 9, ਚੰਡੀਗੜ੍ਹ। -----ਉੱਤਰਦਾਤਾ

**ਅਪੀਲ ਕੇਸ ਨੰ: 1712 ਆਫ 2017 ਅਤੇ 2416 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 2-03-2017 ਅਤੇ 25-2-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਜੀ.ਪੀ., ਪੰਜਾਬ ਪੁਲਿਸ ਹੈਡ ਕੁਆਰਟਰ,ਸੈਕਟਰ 9, ਚੰਡੀਗੜ੍ਹ ਨੂੰ ਪੇਸ਼ ਕੀਤਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਹਸਪਤਾਲ ਵਿਚ ਕਪਿਊਟਰਾਇਜ਼ ਐਮ.ਐਲ.ਆਰ. ਬਣਾਉਣ ਦੀ ਵਾਈਲੇਸ਼ਨ ਵਿਚ ਜ਼ੋ ਡਾਕਟਰਾਂ ਵਲੋਂ ਮੈਨੂਅਲੀ ਮੈਡੀਕਲ ਲੀਗਲ ਰਿਪੋਰਟ ਬਣਾ ਰਹੇ ਹਨ ਨਾਲ ਸਬੰਧਤ ਕ੍ਰਮਵਾਰ 02 ਅਤੇ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-4-2017 ਅਤੇ ਮਿਤੀ 9-4-2019 ਰਾਹੀਂ ਦੋਨਾਂ ਕੇਸਾਂ ਵਿਚ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਕ੍ਰਮਵਾਰ ਮਿਤੀ 27-6-2017 ਅਤੇ ਮਿਤੀ 04-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਹ ਦੋਵੇਂ ਕੇਸ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਕਲੱਬ ਕਰਦੇ ਹੋਏ ਡਾਇਰੈਕਟਰ ਮੈਡੀਕਲ ਰਿਸਰਚ ਅਤੇ ਐਜੂਕੇਸ਼ਨ ਦੇ ਨਾਲ ਨਾਲ ਪੁਲਿਸ ਵਿਭਾਗ ਨੂੰ ਸਟੇਟਸ ਰਿਪੋਰਟ ਪੇਸ਼ ਕਰਨ ਲਈ ਅਗਲੀ ਮਿਤੀ ਦਿੱਤੀ ਜਾਣੀ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਕਰਨ ਉਪਰੰਤ ਇਸ ਕਮਿਸ਼ਨ ਵਲੋਂ ਇਨ੍ਹਾਂ ਅਪੀਲ ਕੇਸਾਂ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 29-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 29-01-2020 ਨੂੰ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਦਸਿਆ ਗਿਆ ਕਿ ਘਰੇਲੂ ਕਾਰਨਾ ਕਰਕੇ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਮਿਤੀ ਦਿੱਤੀ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਜੇ ਕੁਮਾਰ ਜੂਨੀਅਰ ਸਹਾਇਕ ਹਾਜ਼ਰ ਹੋਇਆ । ਉਸ ਵਲੋਂ ਪੱਤਰ ਨੰ: 911/ਸੀ.ਆਰ./ਐਲ.ਏ.5(ਕਰਾਇਮ) ਮਿਤੀ 29-1-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਇਸ ਪੱਤਰ ਰਾਹੀਂ ਦਸਿਆ ਗਿਆ ਸੀ ਕਿ ਇਸ ਕੇਸ ਵਿਚ ਪਹਿਲਾਂ ਹੀ ਪ੍ਰਾਰਥੀ ਸ੍ਰੀ ਵਿਕਰਮ ਵੈਦ ਵਲੋਂ ਅਪੀਲ ਨੰ: 1712/2017 ਫਾਇਲ ਕੀਤੀ ਗਈ ਹੈ ਜ਼ੋ ਕੋਰਟ ਵਿਚ ਲੰਬਤ ਹੈ ਜਿਸਦੀ ਤਾਰੀਖ ਮਿਤੀ 7-11-2019 ਵਿਚ ਜਵਾਬ ਭੇਜਿਆ ਜਾ ਚੁੱਕਾ ਹੈ। ਇਹ ਦੋਵੇ ਕੇਸ ਫਾਇਲ ਕੀਤੇ ਜਾ ਚੁੱਕੇ ਹਨ। ਵਿਭਾਗ ਵਲੋਂ ਪੇਸ਼ ਕੀਤੇ ਗਏ ਪੱਤਰ ਰਾਹੀਂ ਅਪੀਲਕਰਤਾ ਨੂੰ ਪਹਿਲਾਂ ਹੀ ਉੱਤਰ ਦਿੱਤਾ ਜਾ ਚੁੱਕਾ ਹੈ। ਪਰ ਫਿਰ ਵੀ ਅਪੀਲਕਰਤਾ ਦੀ ਬੇਨਤੀ ਨੂੰ ਧਿਆਨ ਵਿਚ ਰਖਦੇ ਹੋਏ ਉਸਦੀ ਪ੍ਰਤੀਕ੍ਰਿਆ ਜਾਣਨ ਲਈ ਅਗਲੀ ਮਿਤੀ ਤੇ ਸੁਣਵਾਈ ਲਈ ਰੱਖ ਲਿਆ ਗਿਆ ਹੈ। ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤੇ ਗਏ ਸਨ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਮਿਤੀ 3-3-2020 ਅਤੇ 4-3-2020 ਰਾਹੀਂਪ੍ਰਾਪਤ ਹੋਈਆਂ ਈ.ਮੇਲਾਂ ਰਾਹੀਂ ਇਹ ਦੋਵੇ ਕੇਸ ਇਸ ਕਮਿਸ਼ਨ ਦੇ ਬੈਂਚ ਤੋਂ ਬਦਲਦੇ ਹੋਏ ਕਿਸੇ ਹੋਰ ਕਮਿਸ਼ਨਰ ਪਾਸ ਟਰਾਂਸਫਰ ਕੀਤੇ ਜਾਣ ਇਸ ਦੇ ਨਾਲ ਹੀ ਉਸ ਵਲੋਂ ਅਪੀਲ ਕੇਸ ਨ: 1712 ਆਫ 2017 ਵਿਚ ਪੂਰਵਲੇ ਚੀਫ ਕਮਿਸ਼ਨਰ ਸ: ਐਸ.ਐਸ.ਚੰਨੀ ਜੀ ਦੇ ਹੁਕੱਮਾਂ ਦੀ ਕਾਪੀ ਵੀ ਲਾਈ ਗਈ ਹੈ। ਇਸ ਸਬੰਧ ਵਿਚ ਉਸ ਵਲੋਂ ਪਹਿਲਾਂ ਵੀ ਪੱਤਰ ਮਿਤੀ

ਪਰਤੋ ਜੀ -----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 1712 ਆਫ 2017 ਅਤੇ 2416 ਆਫ 2019**

26-2-2020 ਨੂੰ ਵੀ ਉਸਦੇ ਇਹ ਦੋਵੇ ਕੇਸ ਹੋਰ ਬੈਂਚ ਨੂੰ ਟਰਾਂਸਫਰ ਕਰਨ ਲਈ ਲਿਖਿਆ ਗਿਆ ਸੀ। ਅਪੀਲਕਰਤਾ ਦੀ ਇਸ ਬੇਨਤੀ ਨੂੰ ਵਿਚਾਰਨ ਉਪਰੰਤ ਚੀਫ ਰਾਜ ਸੂਚਨਾ ਕਮਿਸ਼ਨਰ ਪੰਜਾਬ ਜੀ ਵਲੋਂ ਹੁਕੱਮ ਮਿਤੀ 3-3-2020 ਨੂੰ ਇਹ ਦੋਵੇ ਕੇਸ ਇਸ ਬੈਂਚ ਨੂੰ ਸੁਣਵਾਈ ਲਈ ਆਦੇਸ਼ ਦਿੱਤੇ ਗਏ ਸਨ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ। ਪਰ ਉੱਤਰਦਾਤਾ ਵਲੋਂ ਪੱਤਰ ਨੰ: 7ਐਮ.ਈ.3- ਪੰ:20/ 2458 ਮਿਤੀ 14-2-2020 ਡਾਕ ਰਾਹੀਂ ਪ੍ਰਾਪਤ ਹੋਇਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਉੱਤਰਦਾਤਾ ਮੈਡੀਕਲ ਸਿੱਖਿਆ ਅਤੇ ਖੋਜ਼ ਵਿਭਾਗ (ਸਿਹਤ 3 ਸ਼ਾਖਾ) ਚੰਡੀਗੜ੍ਹ ਨੂੰ ਕਾਪੀ ਭੇਜੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਇਹ ਦੋਵੇਂ ਕੇਸ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਕਲੱਬ ਕਰਦੇ ਹੋਏ ਡਾਇਰੈਕਟਰ ਮੈਡੀਕਲ ਰਿਸਰਚ ਅਤੇ ਐਜੁਕੇਸ਼ਨ ਦੇ ਨਾਲ ਨਾਲ ਪੁਲਿਸ ਵਿਭਾਗ ਨੂੰ ਸਟੇਟਸ ਰਿਪੋਰਟ ਪੇਸ਼ ਕਰਨ ਲਈ ਅਗਲੀ ਮਿਤੀ ਦਿੱਤੀ ਜਾਣੀ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਕਰਨ ਉਪਰੰਤ ਇਸ ਕਮਿਸ਼ਨ ਵਲੋਂ ਇਨ੍ਹਾਂ ਅਪੀਲ ਕੇਸਾਂ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 29-01-2020 ਲਈ ਨਿਸਚਿਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਵਖਰੇ ਤੌਰ ਤੇ ਪੱਤਰ ਮੀਮੋ ਨੰ: ਪੀ.ਐਸ./ਐਸ.ਆਈ.ਸੀ.(ਐਨ)-2019/3220-21 ਮਿਤੀ 30 ਦਸੰਬਰ, 2019 ਅਤੇ ਪਿ:ਅ:ਨੰ: ਪੀ.ਐਸ./ ਐਸ.ਆਈ.ਸੀ.(ਐਨ) -2019/3222-41 ਮਿਤੀ 30 ਦਸੰਬਰ, 2019 ਰਾਹੀਂ ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਡਿਪਾਰਟਮੈਂਟ ਆਫ ਹੈਲਥ ਐਂਡ ਫੈਮਲੀ ਵੈਲਫੇਅਰ, ਪੰਜਾਬ ਅਤੇ ਡਾਇਰੈਕਟਰ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਮੈਡੀਕਲ ਐਜੂਕੇਸ਼ਨ ਭਵਨ ਮੁਹਾਲੀ ਨੂੰ ਅਤੇ ਕਾਪੀ ਪੀ.ਆਈ.ਓ. ਅਤੇ ਅਪੀਲੀ ਅਥਾਰਟੀ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਲਾਗੂ ਕਰਾਉਣ ਸੰਬਧੀ ਕਮਿਸ਼ਨ ਦੇ ਹੁਕੱਮ ਮਿਤੀ 7-11-2019 ਅਨੁਸਾਰ ਤਾਜਾ ਸਥਿਤੀ ਦਾ ਸਟੇਟਸ ਫਾਇਲ ਕਰਨ ਲਈ ਲਿਖਦੇ ਹੋਏ ਨਿਸਚਿਤ ਕੀਤੀ ਮਿਤੀ 29-1-2020 ਨੂੰ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ। ਨਿਸਚਿਤ ਮਿਤੀ 29-!1-2020 ਨੂੰ ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਜੇ ਕੁਮਾਰ ਜੂਨੀਅਰ ਸਹਾਇਕ ਹਾਜ਼ਰ ਹੋਇਆ । ਉਸ ਵਲੋਂ ਪੱਤਰ ਨੰ: 911/ਸੀ.ਆਰ./ਐਲ.ਏ.5(ਕਰਾਇਮ) ਮਿਤੀ 29-1-2020 ਪੇਸ਼ ਕੀਤਾ ਗਿਆ ਸੀ।ਜਿਸ ਅਨੁਸਾਰ ਸੁਚਿਤ ਕੀਤਾ ਗਿਆ ਸੀ ਕਿ ਅਪੀਲ ਕਰਤਾ ਨੂੰ ਇਸ ਕੇਸ ਵਿਚ ਪੱਤਰ ਮਿਤੀ 18-9-2019 ਰਾਹੀਂ ਜਾਵਬ ਭੇਜਿਆ ਜਾ ਚੁੱਕਾ ਸੀ ।ਇਸ ਤਰ੍ਹਾਂ ਕਮਿਸ਼ਨ ਵਲੋਂ ਅਗਜੈਕਟਿਵ ਹੁਕੱਮਾਂ ਦੀ ਮੋਨਿਟਰਿੰਗ ਨਹੀਂ ਕਰਨੀ ਹੁੰਦੀ ਇਸ ਲਈ ਪੁਰਵਲੇ ਕਮਿਸ਼ਨ ਵਲੋਂ ਸਟੇਟਸ ਰਿਪੋਰਟ ਦੇਣ ਦੇ ਹੁਕੱਮ ਕੀਤੇ ਗਏ ਸਨ। ਹੁਣ ਸੰਯੁਕਤ ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ ਵਲੋਂ ਆਪਣੇ ਉਕੱਤ ਪੱਤਰ ਮਿਤੀ 14-2-2020 ਰਾਹੀ ਸੁਚਿਤ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਸਾਰੀਆਂ ਮੈਡੀਕੋਲੀਗਲ ਰਿਪੋਰਟਾਂ ਅਤੇ ਪੋਸਟਮਾਰਟਮ ਰਿਪੋਰਟਾਂ ਕੰਪਿਊਟਰਾਇਜਡ/ਮੈਡਲੀਪਰ ਤੇ ਜਨਰੇਟ ਕੀਤੀਆਂ ਜਾਂਦੀ ਹਨ। ਇਹ ਪੱਤਰ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਲੋਕ ਸੂਚਨਾ ਅਫਸਰ ਮੈਡੀਕਲ ਸਿੱਖਿਆ ਅਤੇ ਖੋਜ਼ ਵਿਭਾਗ (ਸਿਹਤ 3 ਸ਼ਾਖਾ) ਚੰਡੀਗੜ੍ਹ ਨੂੰ ਕਾਪੀ ਭੇਜੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਪ੍ਰਾਪਤ ਸਟੇਟਸ ਰਿਪੋਰਟ ਦੇ ਆਧਾਰ ਤੇ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਦੋਵੇ ਅਪੀਲ ਕੇਸ ਦਾਖਲ ਦਫਤਰ** ਕੀਤੇ ਜਾਂਦੇ ਹਨ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 4 ਮਾਰਚ , 2020.** — **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਧਰਮਪਾਲ ਰੱਤਨ,
ਮਕਾਨ ਨੰ: 133 ਵਾਰਡ ਨ: 4 ਮੋਰਿੰਡਾ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਐਸ.ਐਸ.ਪੀ., ਰੂਪਨਗਰ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1081 ਆਫ 2019**

**ਹਾਜ਼ਰ:**

1. ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਰਦੂਲ ਸਿੰਘ, ਏ.ਐਸ.ਆਈ.(9872932659)

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-7-2019 , ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਸ.ਪੀ., ਰੂਪਨਗਰ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਐਸ.ਐਸ.ਪੀ.ਰੂਪਨਗਰ ਤੋਂ ਏ.ਸੀ.ਪੀ. ਵਲੋਂ ਏ.ਜੀ ਨੂੰ ਲਿਖੇ ਪੱਤਰ ਮਿਤੀ 6-6-2007 ਦੀ ਕਾਪੀ ਅਤੇ ਏ.ਜੀ. ਵਲੋਂ ਪ੍ਰਾਪਤ ਪਤਰਾਂ ਆਦਿ ਨਾਲ ਸਬੰਧਤ 05 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-12-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ। ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 14-1-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-2-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਪਿਛਲੀ ਮਿਤੀ 10-2-2020 ਨੂੰ ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ ਹਾਜ਼ਰ ਹੋਇਆ। ਉਸ ਵਲੋਂ ਪਤਰ ਮਿਤੀ 10-2-2020 ਪੇਸ਼ ਕਰਦੇ ਹੋਏ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਨਾਲ ਸਬੰਧਤ ਨੁਕਤਿਆਂ ਵਿਚੋਂ ਲੜੀ ਨ: 1 ਤੋਂ 3 ਅਤੇ 5 ਤੱਕ ਦੀ ਸੂਚਨਾ ਉਸ ਨੂੰ ਦੇ ਦਿੱਤੀ ਗਈ ਹੈ ਅਤੇ ਲੜੀ ਨੰ: 4 ਸਬੰਧੀ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ ਜਿਸ ਸਬੰਧੀ ਉਸ ਵਲੋਂ ਪਾਈ ਗਈ ਤਰੁੱਟੀ ਸਬੰਧੀ ਕਮਿਸ਼ਨ ਅਤੇ ਉੱਤਰਦਾਤਾ ਨੂੰ ਲਿਖਤੀ ਰੂਪ ਵਿਚ ਦਿੱਤਾ ਗਿਆ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਬਾਲ ਕ੍ਰਿਸ਼ਨ ਏ.ਐਸ.ਆਈ. ਵਲੋਂ ਪੱਤਰ ਨੰ: 131 ਆਰ.ਟੀ.ਆਈ. ਮਿਤੀ 5-2-2020 ਅਤੇ ਪੱਤਰ ਨੰ: 133 ਆਰ.ਟੀ.ਆਈ. ਮਿਤੀ 5-2-2020 ਪੇਸ਼ ਕੀਤਾ ਗਿਆ ਜੋ ਪਹਿਲਾਂ ਹੀ ਡਾਕ ਰਾਹੀਂ ਪ੍ਰਾਪਤ ਹੋ ਚੁੱਕੇ ਸਨ ਜੋ ਕਮਿਸ਼ਨ ਨੂੰ ਸੰਬੋਧਤ ਸਨ ਅਤੇ ਸ਼ਿਕਾਇਤਕਰਤਾ ਨੂੰ ਕਾਪੀ ਭੇਜੀ ਗਈ । ਉੱਤਰਦਾਤਾ ਵਲੋਂ ਪੇਸ਼ ਕੀਤੇ ਉਕਤ ਪੱਤਰਾਂ ਰਾਹੀਂ ਦਸਿਆ ਗਿਆ ਸੀ ਕਿ ਇਸ ਨਾਲ ਸਬੰਧਤ ਰਿਕਾਰਡ ਅਸ.ਡੀ.ਜੈ.ਐਮ. ਸ੍ਰੀ ਅੰਨਦਪੁਰ ਸਾਹਿਬ ਜੀ ਦੀ ਅਦਾਲਤ ਵਿਚ ਸੀ ਅਤੇ ਹੁਣ ਡੀ.ਪੀ.ਓ.ਰੂਪਨਗਰ ਵਲੋਂ ਭੇਜੀ ਰਿਪੋਰਟ ਅਨੁਸਾਰ ਰਿਕਾਰਡ ਪ੍ਰਾਪਤ ਹੋ ਚੁੱਕਾ ਸੀ ਅਤੇ ਪੱਤਰ ਨ: 841/ਆਰ.ਟੀ.ਆਈ. ਮਿਤੀ 23-8-2019 ਨੂੰ ਸਧਾਰਨ ਡਾਕ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਵਲੋਂ ਪੇਸ਼ ਕੀਤੇ ਗਏ ਪਤਰ ਅਤੇ ਦਿੱਤੀ ਗਈ ਦਲੀਲ ਅਨੁਸਾਰ ਉਸਨੂੰ ਲੜੀ ਨੰ: 4 ਸਬੰਧੀ ਦਿੱਤੀ ਗਈ ਸੂਚਨਾ ਤੋਂ ਉਹ ਸੰਤੁਸ਼ਟ ਨਹੀਂ ਜਿਸ ਸਬੰਧੀ ਉਸ ਵਲੋਂ ਪਾਈ ਗਈ ਤਰੁੱਟੀ ਸਬੰਧੀ ਪੱਤਰ ਪੇਸ਼ ਕੀਤਾ ਗਿਆ ਜੋ ਕਿ ਉੱਤਰਦਾਤਾ ਦੇ ਨੁਮਾਇੰਦੇ ਨੂੰ ਦੇ ਦਿੱਤਾ ਗਿਆ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤ ਕਰਤਾ ਵਲੋਂ ਪੇਸ ਕੀਤੀਆਂ ਗਈਆਂ ਤਰੁੱਟੀਆਂ ਸਬੰਧੀ ਉਸਨੂੰ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਸੂਚਨਾ ਭੇਜ਼ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ ਹਾਜ਼ਰ ਹੋਇਆ। ਉਸ ਵਲੋ ਦਸਿਆ ਗਿਆ ਕਿ ਪਿਛਲੀ ਮਿਤੀ ਤੇ ਪਾਈਆਂ ਤਰੁੱਟੀਆਂ ਸਬੰਧੀ ਉੱਤਰਦਾਤਾ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਰਦੂਲ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 200/ਆਰ.ਟੀ.ਆਈ. ਮਿਤੀ 15-2-2020 ਪੇਸ਼ ਕੀਤਾ ਗਿਆ ਜੋ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ। ਜਿਸ ਰਾਹੀਂ ਉਸ ਵਲੋਂ ਰਿਕਾਰਡ ਦੇ ਆਧਾਰ ਤੇ ਮੰਗੀ ਗਈ ਸੂਚਨਾ/ਤਰੁੱਟੀ ਸਬੰਧੀ ਉੱਤਰ/ਜਾਣਕਾਰੀ ਦਿੱਤੀ ਗਈ । ਪੱਤਰ ਮਿਸਲ ਤੇ ਰਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮੰਗੀ ਗਈ ਜਾਣਕਾਰੀ

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:1081 ਆਫ 2019**

ਪਹਿਲਾਂ ਹੀ ਪਿਛਲੀ ਮਿਤੀ ਤੇ ਪੱਤਰ ਮਿਤੀ 5-2-2020 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ । ਪ੍ਰਾਪਤ ਸੂਚਨਾ ਦੇ ਆਧਾਰ ਤੇ ਸ਼ਿਕਾਇਤਕਰਤਾ ਵਲੋਂ ਪ੍ਰਾਪਤ ਸੂਚਨਾ ਵਿਚ ਪਾਈ ਗਈ ਤਰੁੱਟੀ ਪੁਆਇੰਟ ਨੰ: 04 ਦੇ ਸਬੰਧ ਵਿਚ ਪੱਤਰ ਮਿਤੀ 10-2-2020 ਉੱਤਰਦਾਤਾ ਅਤੇ ਕਮਿਸ਼ਨ ਨੂੰ ਦਿੱਤਾ ਗਿਆ ਸੀ। ਅੱਜ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਪੱਤਰ ਰਾਹੀ ਦਸੀ ਗਈ ਤਰੁੰਟੀ ਸਬੰਧੀ ਵੀ ਉੱਤਰ/ਜਾਣਕਾਰੀ ਪੇਸ਼ੀ ਦੋਰਾਨ ਉਕਤ ਪੱਤਰ ਮਿਤੀ 15-2-2020 ਰਾਹੀਂ ਸ਼ਿਕਾਇਤਕਰਤਾ ਨੂੰ ਕਮਿਸ਼ਨ ਦੇ ਸਾਹਮਣੇ ਦੇ ਦਿੱਤੀ ਗਈ ਅਤੇ ਇਕ ਕਾਪੀ ਕਮਿਸ਼ਨ ਨੂੰ ਦਿੱਤੀ ਗਈ । ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 4 ਮਾਰਚ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਧਰਮਪਾਲ ਰੱਤਨ,
ਮਕਾਨ ਨੰ: 133 ਵਾਰਡ ਨ: 4 ਮੋਰਿੰਡਾ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਐਸ.ਐਸ.ਪੀ., ਰੂਪਨਗਰ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1082 ਆਫ 2019**

**ਹਾਜ਼ਰ:**

1. ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਰਦੂਲ ਸਿੰਘ, ਏ.ਐਸ.ਆਈ.(9872932659)

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-7-2019 , ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਸ.ਪੀ., ਰੂਪਨਗਰ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਐਸ.ਐਸ.ਪੀ.ਰੂਪਨਗਰ ਤੋਂ ਏ.ਐਸ.ਪੀ. ਵਲੋਂ ਏ.ਜੀ ਨੂੰ ਲਿਖੇ ਪੱਤਰ ਮਿਤੀ 15-5-2007 ਅਤੇ ਮਿਤੀ 6-6-2007 ਜ਼ੋ ਏ.ਜੀ. ਨੂੰ ਲਿਖੇ ਗਏ ਸਨ ਨਾਲ ਸਬੰਧਤ 05 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-12-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ। ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 14-1-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-2-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਪਿਛਲੀ ਮਿਤੀ 10-2-2020 ਨੂੰ ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ ਹਾਜ਼ਰ ਹੋਇਆ। ਉਸ ਵਲੋਂ ਪਤਰ ਮਿਤੀ 10-2-2020 ਪੇਸ਼ ਕਰਦੇ ਹੋਏ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਨਾਲ ਸਬੰਧਤ ਨੁਕਤਿਆਂ ਵਿਚੋਂ ਲੜੀ ਨ: 1 ਅਤੇ 3 ਦੀ ਸੂਚਨਾ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਹੈ ਪਰ ਉਸ ਨੂੰ ਲੜੀ ਨੰ: 2,4 ਅਤੇ 5 ਸਬੰਧੀ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ ਜਿਸ ਸਬੰਧੀ ਉਸ ਵਲੋਂ ਪਾਈ ਗਈ ਤਰੁੱਟੀ ਸਬੰਧੀ ਲਿਖਤੀ ਰੂਪ ਵਿਚ ਕਮਿਸ਼ਨ ਅਤੇ ਉੱਤਰਦਾਤਾ ਨੂੰ ਦਿੱਤਾ ਗਿਆ ਹੈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਬਾਲ ਕ੍ਰਿਸ਼ਨ ਏ.ਐਸ.ਆਈ. ਵਲੋਂ ਪੱਤਰ ਨੰ: 133 ਆਰ.ਟੀ.ਆਈ. ਮਿਤੀ 5-2-2020 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਡਾਕ ਰਾਹੀਂ ਪ੍ਰਾਪਤ ਹੋ ਚੁੱਕੇ ਸਨ ਅਤੇ ਸ਼ਿਕਾਇਤਕਰਤਾ ਨੂੰ ਕਾਪੀ ਭੇਜੀ ਗਈ ਸੀ। ਉੱਤਰਦਾਤਾ ਵਲੋਂ ਪੇਸ਼ ਕੀਤੇ ਉਕਤ ਪੱਤਰ ਰਾਹੀਂ ਦਸਿਆ ਗਿਆ ਸੀ ਕਿ ਇਸ ਨਾਲ ਸਬੰਧਤ ਰਿਕਾਰਡ ਅਸ.ਡੀ.ਜੈ.ਐਮ. ਸ੍ਰੀ ਅੰਨਦਪੁਰ ਸਾਹਬਿ ਜੀ ਦੀ ਅਦਾਲਤ ਵਿਚ ਸੀ ਅਤੇ ਹੁਣ ਡੀ.ਪੀ.ਓ.ਰੂਪਨਗਰ ਵਲੋਂ ਭੇਜੀ ਰਿਪੋਰਟ ਅਨੁਸਾਰ ਰਿਕਾਰਡ ਪ੍ਰਾਪਤ ਹੋ ਚੁੱਕਾ ਸੀ ਅਤੇ ਪੱਤਰ ਨ: 841/ਆਰ.ਟੀ.ਆਈ. ਮਿਤੀ 23-8-2019 ਨੂੰ ਸਧਾਰਨ ਡਾਕ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਵਲੋਂ ਪੇਸ਼ ਕੀਤੇ ਗਏ ਪੱਤਰ ਅਤੇ ਦਿੱਤੀ ਗਈ ਦਲੀਲ ਅਨੁਸਾਰ ਉਸਨੂੰ ਲੜੀ ਨੰ: 2,4 ਅਤੇ 5 ਸਬੰਧੀ ਦਿੱਤੀ ਗਈ ਸੂਚਨਾ ਤੋਂ ਉਹ ਸੰਤੁਸ਼ਟ ਨਹੀਂ ਜਿਸ ਸਬੰਧੀ ਉਸ ਵਲੋਂ ਪਾਈ ਗਈ ਤਰੁੱਟੀ ਸਬੰਧੀ ਪੱਤਰ ਪੇਸ਼ ਕੀਤਾ ਗਿਆ ਜ਼ੋ ਕਿ ਉੱਤਰਦਾਤਾ ਦੇ ਨੁਮਾਇੰਦੇ ਨੂੰ ਦੇ ਦਿੱਤਾ ਗਿਆ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤ ਕਰਤਾ ਵਲੋਂ ਪੇਸ ਕੀਤੀਆਂ ਗਈਆਂ ਤਰੁੱਟੀਆਂ ਸਬੰਧੀ ਉਸਨੂੰ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਸੂਚਨਾ ਭੇਜ਼ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਕਰਤਾ ਸ੍ਰੀ ਧਰਮਪਾਲ ਰੱਤਨ ਹਾਜ਼ਰ ਹੋਇਆ। ਉਸ ਵਲੋ ਦਸਿਆ ਗਿਆ ਕਿ ਪਿਛਲੀ ਮਿਤੀ ਤੇ ਪਾਈਆਂ ਤਰੁੱਟੀਆਂ ਸਬੰਧੀ ਉੱਤਰਦਾਤਾ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਰਦੂਲ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 201/ਆਰ.ਟੀ.ਆਈ. ਮਿਤੀ 15-2-2020 ਪੇਸ਼ ਕੀਤਾ ਗਿਆ ਜ਼ੋ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ। ਜਿਸ ਰਾਹੀਂ ਉਸ ਵਲੋਂ ਰਿਕਾਰਡ ਦੇ ਆਧਾਰ ਤੇ ਮੰਗੀ ਗਈ ਸੂਚਨਾ/ਤਰੁੱਟੀ ਸਬੰਧੀ ਉੱਤਰ/ਜਾਣਕਾਰੀ ਦਿੱਤੀ ਗਈ । ਪੱਤਰ ਮਿਸਲ ਤੇ ਰਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮੰਗੀ ਗਈ ਜਾਣਕਾਰੀ

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ: 1082 ਆਫ 2019**

ਪਹਿਲਾਂ ਹੀ ਪਿਛਲੀ ਮਿਤੀ ਤੇ ਪੱਤਰ ਮਿਤੀ 5-2-2020 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ । ਪ੍ਰਾਪਤ ਸੂਚਨਾ ਦੇ ਆਧਾਰ ਤੇ ਸ਼ਿਕਾਇਤਕਰਤਾ ਵਲੋਂ ਪ੍ਰਾਪਤ ਸੂਚਨਾ ਵਿਚ ਪਾਈਆਂ ਗਈਆਂ ਤਰੁੱਟੀ ਪੁਆਇੰਟ ਨੰ: 02,04 ਅਤੇ 05 ਦੇ ਸਬੰਧ ਵਿਚ ਪੱਤਰ ਮਿਤੀ 10-2-2020 ਉੱਤਰਦਾਤਾ ਅਤੇ ਕਮਿਸ਼ਨ ਨੂੰ ਦਿੱਤਾ ਗਿਆ ਸੀ। ਅੱਜ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 15-2-2020 ਰਾਹੀ ਦਸੀਆਂ ਗਈਆਂ ਤਰੁੱਟੀਆਂ ਸਬੰਧੀ ਵੀ ਨੁਕਤਾਵਾਰ ਉੱਤਰ/ਜਾਣਕਾਰੀ ਪੇਸ਼ੀ ਦੌਰਾਨ ਸ਼ਿਕਾਇਤਕਰਤਾ ਨੂੰ ਕਮਿਸ਼ਨ ਦੇ ਸਾਹਮਣੇ ਦੇ ਦਿੱਤੀ ਗਈ ਅਤੇ ਇਕ ਕਾਪੀ ਕਮਿਸ਼ਨ ਨੂੰ ਦਿੱਤੀ ਗਈ । ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 4 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਹਰਦੇਵ ਸਿੰਘ, ਪੁੱਤਰ ਸ੍ਰੀ ਬੀਕਰ ਸਿੰਘ।
ਗਲੀ ਨੰ: 3, ਕ੍ਰਿਸ਼ਨਪੁਰਾ ਬਸਤੀ ਜੁਝਾਰ ਨਗਰ, ਸੰਗਰੂਰ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਡੀ.ਐਮ. ਕਮ ਰਜਿਸਟਰੇਸ਼ਨ ਅਥਾਰਟੀ ਸੁਨਾਮ,ਜ਼ਿਲ੍ਹਾ ਸੰਗਰੂਰ ।

ਪਹਿਲੀ ਅਪੀਲੀ ਅਥਾਰਟੀ,
ਐਸ.ਡੀ.ਐਮ. ਕਮ ਰਜਿਸਟਰੇਸ਼ਨ ਅਥਾਰਟੀ ਸੁਨਾਮ,ਜ਼ਿਲ੍ਹਾ ਸੰਗਰੂਰ। -----ਉੱਤਰਦਾਤਾ

**ਅਪੀਲ ਕੇਸ ਨੰ: 121 ਆਫ 2020**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਮਨਜੀਤ ਸਿੰਘ, ਪੀ.ਆਈ.ਓ. ਸੀਨੀਅਰ ਸਹਾਇਕ(9814568014)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 9-9-2019, ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਡੀ.ਐਮ. ਕਮ ਰਜਿਸਟਰੇਸ਼ਨ ਅਥਾਰਟੀ ਸੁਨਾਮ,ਜ਼ਿਲ੍ਹਾ ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਰ.ਟੀ.ਆਈ. ਅਰਜੀ ਵਿਚ ਦਿੱਤੇ ਗਏ ਨੰਬਰਾਂ ਦੀ ਰਜਿਸਟਰੇਸ਼ਨ ਸਮੇ ਜ਼ੋ ਦਸਤਾਵੇਜ਼ ਲਗਾਏ ਗਏ ਸਨ ਨਾਲ ਸਬੰਧੀ 3 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-11-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 16-1-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-2-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਤਲੀ ਮਿਤੀ 11-2-2020 ਨੂੰ ਅਪੀਲਕਰਤਾ ਸ੍ਰੀ ਹਰਦੇਵ ਸਿੰਘ ਅਤੇ ਸ੍ਰੀ ਰਵੀ ਜ਼ਿਦਲ,ਵਕੀਲ ਹਾਜ਼ਰ ਹੋਏ ਵਕੀਲ ਨੇ ਆਪਣਾ ਬਕਾਲਤਨਾਮਾਂ ਪੇਸ਼ ਕੀਤਾ ਗਿਆ।ਇਸ ਦੇ ਨਾਲ ਹੀ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਨ੍ਹਾਂ ਨੂੰ ਸਹੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਜੀਤ ਸਿੰਘ, ਪੀ.ਆਈ.ਓ. ਸੀਨੀਅਰ ਸਹਾਇਕ ਪੇਸ਼ ਹੋਏ। ਉਨ੍ਹਾਂ ਵਲੋਂ ਪੱਤਰ ਨੰ: 78/ਆਰ.ਟੀ.ਆਈ. ਮਿਤੀ 10-02-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ । ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 10-2-2020 ਅਨੁਸਾਰ ਉਨ੍ਹਾਂ ਵਲੋਂ ਕੇਵਲ ਆਪਣੇ ਦਫਤਰ ਦੇ ਸਬੰਧਤ ਕਰਮਚਾਰੀ ਨਾਲ ਕੀਤੇ ਗਏ ਪੱਤਰ ਵਿਹਾਰ ਬਾਰੇ ਹੀ ਦਸਿਆ ਗਿਆ ਅਤੇ ਦਸਿਆ ਗਿਆ ਕਿ ਸਬੰਧਤ ਡੀਲਿੰਗ ਹੈਡ ਦੀ ਮ੍ਰਿਤੂ ਹੋ ਚੁੱਕੀ ਹੈ, ਰਿਕਾਰਡ ਮਿਲਣ ਤੇ ਅਪੀਲਕਰਤਾ ਨੂੰ ਸੂਚਨਾ ਦੇ ਦਿਤੀ ਜਾਵੇਗੀ। ਅਪੀਲਕਰਤਾ ਨੂੰ ਕੇਵਲ 22-1-2020 ਰਾਹੀਂ ਪੱਤਰ ਲਿਖਦੇ ਹੋਏ ਸੁਚਿਤ ਕੀਤਾ ਗਿਆ ਕਿ ਰਿਕਾਰਡ ਟਰੇਸ਼ ਕੀਤਾ ਜਾ ਰਿਹਾ ਹੈ। ਜਦੋਂ ਕਿ ਅਪੀਲਕਰਤਾ ਵਲੋਂ ਮਿਤੀ 9-9-2019 ਨੂੰ ਅਰਜੀ ਦਾਖਲ ਕੀਤੀ ਗਈ ਸੀ। ਉੱਤਰਦਾਤਾ ਦਾ ਇਹ ਕਹਿਣਾ ਕਿ ਸਬੰਧਤ ਕਰਮਚਾਰੀ ਦੀ ਮੋਤ ਹੋ ਚੁੱਕੀ ਹੈ ਜਿਸ ਕਾਰਨ ਸੂਚਨਾ ਵਿਚ ਦੇਰੀ ਹੋਈ ਹੈ, ਮਨੰਣਯੋਗ ਨਹੀਂ ਹੈ, ਕਿਉਂਜੋ ਪੀ.ਆਈ.ਓ.ਆਪਣੇ ਪੱਧਰ ਤੇ ਕਿਸੇ ਹੋਰ ਕਰਮਚਾਰੀ ਤੋਂ ਸੂਚਨਾ ਤਿਆਰ ਕਰਵਾਕੇ ਸਮੇਂ ਸਿਰ ਸੂਚਨਾ ਦੇ ਸਕਦਾ ਸੀ, ਪਰ ਉਸ ਵਲੋਂ ਅਜਿਹਾ ਨਹੀਂ ਕੀਤਾ ਗਿਆ ਜਿਸਦਾ ਕਮਿਸ਼ਨ ਵਲੋਂ ਸਖਤ ਨੋਟਿਸ ਲਿਆ ਗਿਆ ਹੈ। ਇਸ ਲਈ ਉੱਤਰਦਾਤਾ ਨੂੰ ਇਕ ਹੋਰ ਮੋਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਲੇਟ ਸੂਚਨਾ ਦੇਣ ਸਬੰਧੀ ਕਾਰਵਾਈ ਬਾਅਦ ਵਿਚ ਕੀਤੀ ਜਾਵੇਗੀ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਮਨਜੀਤ ਸਿੰਘ, ਪੀ.ਆਈ.ਓ. ਸੀਨੀਅਰ ਸਹਾਇਕ ਹਾਜ਼ਰ ਹੋਇਆ, ਉਸ ਵਲੋਂ ਲੋਕ ਸੂਚਨਾ ਅਫਸਰ ਵਲੋਂ ਪੱਤਰ ਨੱ: 87/ਆਰ.ਟੀ.ਆਈ. ਮਿਤੀ 4-3-2020 ਅਤੇ ਪੱਤਰ ਨੰ:

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 121 ਆਫ 2020**

88/ਆਰ.ਟੀ.ਆਈ. ਮਿਤੀ 4-3-2020 ਪਹਿਲੀ ਅਪੀਲੀ ਅਥਾਰਟੀ ਵਲੋਂ ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਕਾਪੀ ਅਪੀਲਕਰਤਾ ਨੂੰ ਕੀਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

5. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਪੇਸ਼ ਕੀਤੇ ਗਏ ਪੱਤਰਾਂ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੋਣ ਕਾਰਨ ਇਹ ਸੂਚਨਾ ਨਹੀਂ ਦਿੱਤੀ ਜਾ ਸਕਦੀ, ਇਸ ਲਈ ਇਹ ਕੇਸ ਬੰਦ ਕਰਨ ਦੀ ਬੇਨਤੀ ਕੀਤੀ ਗਈ। ਇਸੇ ਤਰ੍ਹਾਂ ਪਹਿਲੀ ਅਪੀਲੀ ਅਥਾਰਟੀ ਵਲੋਂ ਵੀ ਆਪਣੇ ਉਕਤ ਪੱਤਰ ਮਿਤੀ 4-3-2020 ਜ਼ੋ ਕਮਿਸ਼ਨ ਨੂੰ ਸੰਬੋਧਤ ਏ ਰਾਹੀਂ ਦਸਿਆ ਗਿਆ ਕਿ ਉਨ੍ਹਾਂ ਨੂੰ ਇਸ ਕੇਸ ਵਿਚ ਪਾਰਟੀ ਬਣਾਇਆ ਗਿਆ ਹੈ ਪਰ ਉਨ੍ਹਾਂ ਦੇ ਧਿਆਨ ਵਿਚ ਪਹਿਲਾਂ ਅਜਿਹੀ ਕੋਈ ਅਪੀਲ ਪ੍ਰਾਪਤ ਨਹੀਂ ਹੋਈ।ਉਨ੍ਹਾਂ ਦੇ ਧਿਆਨ ਵਿਚ ਆਉਣ ਤੇ ਰਿਕਾਰਡ ਦੀ ਭਾਲ ਕਰਨ ਉਪਰੰਤ ਪਹਿਲੀ ਅਪੀਲ ਸ੍ਰੀ ਬਲਜਿੰਦਰ ਸਿੰਘ, ਕਲਰਕ ਜਿਸਦੀ ਮੌਤ ਹੋ ਚੁੱਕੀ ਹੈ ਦੇ ਰਿਕਾਰਡ ਵਿਚ ਬਿਨਾਂ ਡੀਲ ਕੀਤੇ ਮੌਜੂਦ ਪਈ ਸੀ ਜਿਸ ਨੂੰ ਘੋਖਣ ਤੇ ਪਾਇਆ ਗਿਆ ਕਿ ਮੰਗੀ ਗਈ ਸੂਚਨਾ ਥਰਡ ਪਾਰਟੀ ਸੂਚਨਾ ਹੈ ਅਤੇ ਇਸ ਸੂਚਨਾ ਵਿਚ ਕੋਈ ਪਬਲਿਕ ਹਿੱਤ ਨਹੀਂ ਹੈ। ਇਸ ਤਰ੍ਹਾਂ ਉੱਤਰਾਦਾਤਾ ਅਨੁਸਾਰ ਮੰਗੀ ਗਈ ਸੂਚਨਾ ਥਰਡ ਪਾਰਟੀ ਨਾਲ ਸਬੰਧਤ ਹੈ ਇਸ ਲਈ ਅਪੀਲ ਨਾ ਮੰਨਜੂਰ ਕਰਨ ਦੀ ਬੇਨਤੀ ਕੀਤੀ ਗਈ ਹੈ। ਉਨ੍ਹਾਂ ਵਲੋਂ ਇਹ ਸੂਚਨਾ ਅਪੀਲਕਰਤਾ ਨੂੰ ਨਹੀਂ ਭੇਜੀ ਗਈ । ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸਦੀ ਇਕ ਕਾਪੀ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਨੂੰ ਭੇਜਕੇ ਕਮਿਸ਼ਨ ਨੂੰ ਸੁਚਿਤ ਕੀਤਾ ਜਾਵੇ। ਇਸ ਤਰ੍ਹਾਂ ਹੁਣ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

ਮਿਤੀ: ਚੰਡੀਗੜ੍ਹ, 4 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।